# 'ਅਸੀਂ ਕਿਰਤ ਅਤੇ ਕਲਾ ਦੀ ਆਜ਼ਾਦੀ ਲਈ ਜੂਝ ਰਹੇ ਹਾਂ'

ਜਸਪਾਲ ਜੱਸੀ

ਪੰਜਾਬੀ ਸਭਿਆਚਾਰ ਦੇ ਯੁੱਗਾਂ-ਯੁੱਗਾਂ ਤੱਕ ਜਗਣ ਵਾਲੇ ਦੀਵੇ ਨੂੰ ਸਲਾਮ ਕਹਿਣ ਲਈ ਹਾਜ਼ਰ ਹੋਏ ਸਾਥੀਓ, ਅੱਜ ਦਾ ਦਿਨ ਸਾਡੇ ਲਈ, ਲੋਕਾਂ ਦੀ ਲਹਿਰ ਲਈ ਪੰਜਾਬ ਦੀ ਇਨਕਲਾਬੀ ਸਭਿਆਚਾਰਕ ਲਹਿਰ ਲਈ, ਪੰਜਾਬੀ ਰੰਗਮੰਚ ਲਈ ਤੇ ਸਮੁੱਚੇ ਪੰਜਾਬੀ ਸਾਹਿਤ ਤੇ ਕਲਾ ਜਗਤ ਲਈ ਬਹੁਤ ਹੀ ਭਾਗਾਂ ਭਰਿਆ ਦਿਨ ਐ। ਸਨਮਾਨ ਹੁੰਦੇ ਨੇ, ਸਰਕਾਰਾਂ ਵੱਲੋਂ ਹੁੰਦੇ ਨੇ। ਸਥਾਪਤੀ ਦੇ ਹਿੱਸਿਆਂ ਵੱਲੋਂ ਹੁੰਦੇ ਨੇ। ਉਹ ਸਨਮਾਨ ਜਿਹਨਾਂ ਬਾਰੇ ਪੰਜਾਬੀ ਸ਼ਾਇਰੀ ਦੇ ਮਾਣ ਸੁਰਜੀਤ ਪਾਤਰ ਨੇ ਆਪਣੀ ਕਵਿਤਾ "ਬੁੱਢੀ ਜਾਦੂਗਰਨੀ" ਵਿਚ ਕਿਹਾ ਸੀ ਕਿ:

*ਮੈਂ ਜਿਸ ਬੰਦੇ ਦੇ ਗਲ਼ ਵਿਚ ਹਾਰ ਪਾਇਆ ਹੈ*
*ਉਹ ਬੁੱਤ ਬਣ ਗਿਆ ਹੈ*
*ਮੈਂ ਜਿਹੜੀ ਹਿੱਕ 'ਤੇ ਤਗ਼ਮਾ ਸਜਾਇਆ ਹੈ*
*ਉਹੀ ਇੱਕ ਘੜੀ ਬਣ ਕੇ ਰਹਿ ਗਿਆ ਹੈ*
*ਮੈਂ ਜਿਸ ਨੂੰ ਆਪਣਾ ਪੁੱਤਰ ਆਖਿਆ ਹੈ*
*ਉਸੇ ਨੂੰ ਆਪਣੀ ਮਾਂ ਦਾ ਨਾਂ ਭੁੱਲਿਆ ਹੈ*

ਅਸੀਂ ਇਹ ਮਾਣ ਕਰ ਸਕਦੇ ਆਂ ਕਿ ਗੁਰਸ਼ਰਨ ਸਿੰਘ ਨੇ ਲੋਕਾਂ ਦਾ ਪੁੱਤਰ ਹੋਣ ਨੂੰ, ਇਸ ਜਨਤਾ ਦਾ ਸੇਵਕ ਹੋਣ ਨੂੰ, ਹਮੇਸ਼ਾਂ ਯਾਦ ਰੱਖਿਐ। ਜੇ ਅੱਜ ਸ਼੍ਰੀ ਗੁਰਸ਼ਰਨ ਸਿੰਘ ਹੋਰੀਂ ਪੰਜਾਬੀ ਸਾਹਿਤ ਕਲਾ ਜਗਤ ਦੇ ਵਿਚ, ਪੰਜਾਬ ਦੇ ਲੋਕਾਂ ਦੀ ਲਹਿਰ ਦੇ ਵਿਚ ਇਕ ਥੰਮ੍ਹ ਦੀ ਤਰ੍ਹਾਂ ਖੜ੍ਹੇ ਨੇ, ਜੇ ਅੱਜ ਉਹਨਾਂ ਨੂੰ ਬਾਬਾ ਬੋਹੜ ਕਿਹਾ ਜਾਂਦੈ, ਜੇ ਅੱਜ ਉਹਨਾਂ ਨੂੰ ਨਾਇਕ ਕਿਹਾ ਜਾਂਦੈ, ਜੇ ਅੱਜ ਹਰ ਤਰ੍ਹਾਂ ਦਾ ਉੱਚੇ ਤੋਂ ਉੱਚਾ ਉਹਨਾਂ ਵਾਸਤੇ ਵਿਸ਼ੇਸ਼ਣ ਵਰਤਿਆ ਜਾਂਦੈ, ਤਾਂ ਇਹਦੇ 'ਚ ਸਭ ਤੋਂ ਵੱਡੀ ਗੱਲ ਜਿਹੜੀ ਗੁਰਸ਼ਰਨ ਸਿੰਘ ਦੇ ਐਨਾ ਉੱਚਾ ਹੋ ਜਾਣ ਦਾ ਕਾਰਨ ਐ, ਉਹ ਇਹਨਾਂ ਲੋਕਾਂ ਨਾਲ ਵਫ਼ਾਦਾਰੀ ਐ। ਇਹਨਾਂ ਲੋਕਾਂ ਦੀ ਮਹਾਨਤਾ ਨੂੰ ਸਮਝ ਕੇ ਚੱਲਣ ਦੀ ਦ੍ਰਿਸ਼ਟੀ ਐ, ਉਸ ਦ੍ਰਿਸ਼ਟੀ ਨੇ ਗੁਰਸ਼ਰਨ ਸਿੰਘ ਨੂੰ ਪੰਜਾਬ ਦੇ ਸਾਹਿਤ ਅਤੇ ਕਲਾ ਜਗਤ 'ਤੇ ਇਸ ਤਰ੍ਹਾਂ ਉਭਾਰ ਕੇ ਲਿਆਂਦਾ ਕਿ ਜਦੋਂ ਮੈਂ ਸੰਦੇਸ਼ ਪੜ੍ਹ ਰਿਹਾ ਸੀ— ਉੱਚੀਆਂ-ਉੱਚੀਆਂ ਸਾਹਿਤਕ ਸਖਸ਼ੀਅਤਾਂ ਦੇ, ਰੰਗਕਰਮੀਆਂ ਦੇ, ਉਹ ਸਾਰੇ ਈ ਮੈਨੂੰ ਇਹ ਕਹਿੰਦੇ ਨਜ਼ਰ ਆਉਂਦੇ ਸੀ—

***"ਤੂੰ ਖੜ੍ਹਾ ਸਾਡੇ ਨਾਲੋਂ ਉੱਚਾ, ਸਾਡੀ ਬਾਂਹ ਫੜ ਕੇ।***
***ਤੈਨੂੰ ਤੱਕ ਹੋਵੇ, ਨਜ਼ਰਾਂ ਉਤਾਂਹ ਕਰਕੇ।"***

ਇਹ ਗੁਰਸ਼ਰਨ ਸਿੰਘ ਐ ਔਰ ***ਅੱਜ ਸਾਨੂੰ ਮਾਣ ਇਸ ਗੱਲ ਦਾ ਐ ਕਿ ਉਹ ਲੋਕ ਜਿਨ੍ਹਾਂ***

*ਦੇ ਸਨਮਾਨ ਦੇ ਗੁਰਸ਼ਰਨ ਸਿੰਘ ਹੋਰੀਂ ਸਭ ਤੋਂ ਵੱਧ ਹੱਕਦਾਰ ਨੇ, ਉਹ ਇਥੇ ਆਏ ਨੇ।* ਅਸੀਂ ਕੌਣ ਲੋਕ ਆਂ? ਅਸੀਂ ਉਹ ਲੋਕ ਆਂ, ਜਿਹਨਾਂ ਨੂੰ ਜ਼ੋਰਾਵਰਾਂ ਨੇ, ਮਲਕ ਭਾਗੋਆਂ ਨੇ, ਰਾਜਸੱਤਾ ਦੇ ਮਾਲਕਾਂ ਨੇ, ***ਜੋਕਾਂ ਨੇ ਹਮੇਸ਼ਾਂ ਪੈਰਾਂ ਦੀ ਮਿੱਟੀ ਸਮਝਿਐ। ਤੇ ਪੈਰਾਂ ਦੀ ਮਿੱਟੀ ਸਮਝ ਕੇ, ਦਰੜਨ ਦਾ ਯਤਨ ਕੀਤਾ ਐ, ਪੰਜਾਬ ਦੇ ਲੋਕ ਸਦਾ ਯਾਦ ਰੱਖਣਗੇ ਉਨ੍ਹਾਂ ਕਲਮਾਂ ਨੂੰ, ਉਨ੍ਹਾਂ ਸਾਹਿਤਕਾਰਾਂ ਨੂੰ, ਜਿਨ੍ਹਾਂ ਨੇ ਇਥੋਂ ਦੀ ਦਰੜੀ ਹੋਈ ਲੋਕਾਈ ਨੂੰ, ਪੈਰਾਂ ਦੀ ਮਿੱਟੀ ਸਮਝੀ ਜਾਂਦੀ ਲੋਕਾਈ ਨੂੰ, ਸਿਰਾਂ 'ਤੇ ਕਲਗੀ ਸਜਾ ਕੇ ਆਪਣੇ ਨਾਵਲਾਂ ਦੇ ਪੱਤਰਿਆਂ ਵਿਚ ਲਿਆਂਦੈ, ਪੰਜਾਬ ਦੇ ਰੰਗਮੰਚ ਦੀਆਂ ਸਟੇਜਾਂ 'ਤੇ ਲਿਆਂਦੈ। ਇਹ ਗੁਰਦਿਆਲ ਸਿੰਘ ਦੇ ਜਗਸੀਰ, ਗੁਰਦਿਆਲ ਸਿੰਘ ਦੇ ਬਿਸ਼ਨੇ, ਸੰਤੋਖ ਸਿੰਘ ਧੀਰ ਦਾ ਬਾਰੂ ਤਾਂਗੇ ਵਾਲਾ, ਸਾਨੂੰ ਨਹੀਂ ਸੀ ਪਤਾ ਹੁੰਦਾ ਕਿ ਬਾਰੂ ਤਾਂਗੇ ਵਾਲਾ ਵੀ ਨਾਇਕ ਹੁੰਦੈ। ਅਸੀਂ ਮਾਂ-ਪਿਓ ਕੋਲੋਂ, ਦਾਦੀਆਂ ਕੋਲੋਂ ਰਾਜੇ-ਰਾਣੀਆਂ ਦੀਆਂ ਬਾਤਾਂ ਸੁਣਿਆ ਕਰਦੇ ਸੀ ਤੇ ਅਸੀਂ ਸਮਝਦੇ ਸੀ ਕਿ ਨਾਇਕ, ਰਾਜਕੁਮਾਰ ਹੁੰਦੇ ਨੇ, ਨਾਇਕਾਵਾਂ ਰਾਜਕੁਮਾਰੀਆਂ ਹੁੰਦੀਆਂ ਨੇ। ਸਾਡੇ ਮਨਾਂ ਦੀ ਦ੍ਰਿਸ਼ਟੀ ਨੂੰ ਗੁਰਸ਼ਰਨ ਸਿੰਘ ਹੋਰਾਂ ਨੇ ਬਦਲਿਆ। ਪੰਜਾਬੀ ਸਾਹਿਤਕਾਰਾਂ ਨੇ ਬਦਲਿਆ। ਸਾਡੇ ਨਾਇਕ ਬਦਲੇ ਨੇ। ਸਾਡੀਆਂ ਨਾਇਕਾਂ ਦੇ ਸਬੰਧੀ ਧਾਰਨਾਵਾਂ ਬਦਲੀਆਂ ਨੇ:***

> *ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ॥*
> *ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥*

***ਪੰਜਾਬੀ ਸਾਹਿਤ ਦੀ ਇਹ ਦ੍ਰਿਸ਼ਟੀ ਕਈ ਸਦੀਆਂ ਤੋਂ ਤੁਰੀ ਆਈ ਐ। ਗੁਰਸ਼ਰਨ ਸਿੰਘ ਹੋਰੀਂ ਉਸ ਦ੍ਰਿਸ਼ਟੀ ਨੂੰ ਅੱਗੇ ਲੈ ਕੇ ਗਏ ਨੇ।*** ਅਸੀਂ ਪੰਜਾਬ ਦੇ ਲੋਕਾਂ ਦੀ ਲਹਿਰ ਨੇ ਅੱਜ ਇਹ ਸਮਾਗਮ ਕੀਤੈ। ਜੇ ਗੁਰਸ਼ਰਨ ਸਿੰਘ ਹੋਰਾਂ ਨੂੰ ਇਸ ਤਰੀਕੇ ਨਾਲ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਐ ਤਾਂ ਪੰਜਾਬ ਦੀ ਜਨਤਾ, ***ਪੰਜਾਬ ਦੀ ਇਨਕਲਾਬੀ ਲਹਿਰ ਗੁਰਸ਼ਰਨ ਸਿੰਘ ਹੋਰਾਂ ਦਾ ਸਨਮਾਨ ਕਰਕੇ ਇਹ ਦੱਸਣਾ ਚਾਹੁੰਦੀ ਐ ਕਿ ਅਸੀਂ ਆਪਣੇ ਸਾਹਿਤਕਾਰਾਂ ਨੂੰ, ਅਸੀਂ ਆਪਣੇ ਕਲਾ-ਕਰਮੀਆਂ ਨੂੰ ਭੁੱਲੇ ਨਹੀਂ—*** ਉਹਨਾਂ ਨੇ ਜਿਵੇਂ ਲੋਕ ਦਾ ਦਰਦ ਮਹਿਸੂਸ ਕੀਤਾ, ਜਿਵੇਂ ਲੋਕਾਂ ਦੀਆਂ ਪੀੜਾਂ ਮਹਿਸੂਸ ਕੀਤੀਆਂ ਨੇ, ਜਿਵੇਂ ਉਹਨਾਂ ਦੀ ਗਾਥਾ ਨੂੰ, ਕਲਾਤਮਕ ਢੰਗ ਨਾਲ ਉਭਾਰ ਕੇ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ, ਜਿਵੇਂ ਉਹਨਾਂ ਨੇ ਰੋਂਦੇ ਹੋਏ ਬੋਹਲਾਂ ਦੀ ਗੱਲ ਕੀਤੀ, ਜਿਵੇਂ ਉਹਨਾਂ ਨੇ "ਭੱਠ ਖੇੜਿਆਂ ਦਾ ਰਹਿਣਾ" ਇਥੋਂ ਦੀ ਰਾਜਸੀ ਤਾਕਤ ਵੱਲੋਂ ਦਰੜੇ ਜਾ ਰਹੇ ਲੋਕਾਂ ਦੀ ਬਾਤ ਪਾਈ, ਉਹਨਾਂ ਕਲਮਾਂ ਨੂੰ, ਪੰਜਾਬ ਦੀ ਲੋਕ-ਲਹਿਰ ਨੇ ਭੁਲਾਇਆ ਨਹੀਂ। ਅਸੀਂ ਆਪਣੇ ਪੰਜਾਬੀ ਸਾਹਿਤਕਾਰਾਂ ਦੀਆਂ, ਪੰਜਾਬੀ ਕਲਾਕਾਰਾਂ ਦੀਆਂ ਹਰ ਤਰ੍ਹਾਂ ਦੀਆਂ ਆਵਾਜ਼ਾਂ ਸੁਣੀਆਂ ਨੇ। ਅਸੀਂ ਇਹ ਆਵਾਜ਼ ਵੀ ਸੁਣੀ ਐ, ਜਦੋਂ ਸੰਤੋਖ ਸਿੰਘ ਧੀਰ ਨੇ ਕਿਹਾ:

> *ਲੋਕ ਕਲਮ ਦੀ ਅੱਗ ਵਿਚ ਡੋਬਾਂ ਅੱਖਰ ਲਿਖਾਂ ਅੰਗਾਰ*
> *ਲਿਖਾਂ ਲਹੂ ਦੀ ਵਾਰ*
> *ਹੁਣ ਨਾ ਪੇਸ਼ ਕਲਮ ਦੀ ਜਾਏ, ਹੁਣ ਇਕ ਭੇਜ ਕਟਾਰ*

ਇਹ ਆਵਾਜ਼ਾਂ, ਪੰਜਾਬ ਦੀ ਜਨਤਾ ਵੱਲੋਂ ਸੁਣੀਆਂ ਗਈਆਂ ਨੇ, ਤੇ ਇਸੇ ਕਰਕੇ ਇਸ ਧਰਤ ਦੇ ਉੱਤੇ ਸਿਰਾਂ ਦੀ ਫਸਲ ਉੱਗੀ ਐ, ਇਸ ਸਮਾਜ ਨੂੰ, ਇਸ ਨਿਜ਼ਾਮ ਨੂੰ ਬਦਲਣ ਲਈ। ਮੈਨੂੰ ਉਹ ਸਤਰਾਂ ਯਾਦ ਆਉਂਦੀਆਂ ਨੇ, ਜਦੋਂ ਸੁਰਜੀਤ ਪਾਤਰ ਹੋਰਾਂ ਨੇ ਕਿਹਾ ਕਿ—

*ਜੇ ਆਈ ਪੱਤਝੜ, ਤਾਂ ਫਿਰ ਕੀ ਏ,*
*ਤੂੰ ਅਗਲੀ ਰੁੱਤ 'ਚ ਯਕੀਨ ਰੱਖੀਂ!*
*ਮੈਂ ਲੱਭ ਕੇ ਕਿਤਿਓਂ ਲਿਆਉਂਨਾਂ ਹਾਂ ਕਲਮਾਂ*
*ਤੂੰ ਫੁੱਲਾਂ ਜੋਗੀ ਤਿਆਰ ਜ਼ਮੀਨ ਰੱਖੀਂ!*

ਮੈਂ ਪੰਜਾਬ ਦੇ ਸਾਹਿਤਕਾਰਾਂ ਨੂੰ, ਕਲਾਕਾਰਾਂ ਨੂੰ ਇਹ ਕਹਿਣਾ ਚਾਹੁੰਨਾਂ ਕਿ ਉਹ ਜਿਹੜੀ ਫੁੱਲਾਂ ਜੋਗੀ ਜ਼ਮੀਨ ਐ, ਵਿਸ਼ਵਾਸ ਰੱਖੋ, ਭਰੋਸਾ ਰੱਖੋ, ਉਹ ਫੁੱਲਾਂ ਜੋਗੀ ਜ਼ਮੀਨ ਆਹ ਤੁਹਾਡੇ ਸਾਹਮਣੇ ਬੈਠੀ ਐ। ਇਹ ਫੁੱਲਾਂ ਜੋਗੀ ਜ਼ਮੀਨ ਆਉਂਦੇ ਸਮੇਂ 'ਚ ਏਡੀ ਓਈ ਨਹੀਂ ਰਹੂਗੀ, ਇਹ ਫੁੱਲਾਂ ਜੋਗੀ ਜ਼ਮੀਨ ਬਹੁਤ ਵਿਸ਼ਾਲ ਹੋਊਗੀ ਕਿਉਂਕਿ ਇਹ ਜ਼ਮੀਨ ਲਹੂ ਨਾਲ ਸਿੰਜੀ ਜਾ ਰਹੀ ਐ। ਇਸ ਜ਼ਮੀਨ ਨੂੰ ਪਾਸ਼ ਨੇ ਆਪਣੇ ਲਹੂ ਨਾਲ ਸਿੰਜਿਐ, ਮੇਘਰਾਜ ਨੇ ਲਹੂ ਨਾਲ ਸਿੰਜਿਐ, ਜਗਪਾਲ ਨੇ ਲਹੂ ਨਾਲ ਸਿੰਜਿਐ। ਔਰ ਇਹ ਜ਼ਮੀਨ ਅਤੇ ਉਹ ਫੁੱਲ ਜਿਨ੍ਹਾਂ ਦੀਆਂ ਆਸਾਂ ਸਾਡੇ ਸਾਹਿਤਕਾਰਾਂ ਨੇ ਕੀਤੀਆਂ ਨੇ, ਉਹ ਫੁੱਲ ਇਸ ਧਰਤੀ ਦੇ ਉੱਤੇ ਉੱਗਣਗੇ।

ਗੁਰਸ਼ਰਨ ਸਿੰਘ ਹੋਰਾਂ ਬਾਰੇ, ਉਹਨਾਂ ਦੇ ਨਾਟਕਾਂ ਬਾਰੇ, ਉਹਨਾਂ ਦੀ ਕਲਾ ਬਾਰੇ ਕੁਝ ਗੱਲਾਂ ਕਹੀਆਂ ਗਈਆਂ ਨੇ। ਇਕ ਗੱਲ ਕਹੀ ਗਈ ਐ ਕਿ ਉਨ੍ਹਾਂ ਦੇ ਨਾਟਕ, ਜਿਸ ਨੂੰ ਕਿਹਾ ਜਾਂਦੈ ਲਾਊਡ ਨੇ। ਉਹ ਨਾਟਕ ਨਾਅਰੇਬਾਜ਼ੀ ਨੇ। ਉਹ ਸੂਖ਼ਮ ਤਰੀਕੇ ਨਾਲ ਗੱਲ ਨਹੀਂ ਕਰਦੇ। ਉਹ ਹਥੌੜੇ ਵਾਂਗ ਵੱਜਦੇ ਨੇ ਜਾ ਕੇ। ਪਰ ਇਕ ਗੱਲ ਮੈਂ ਬਹੁਤ ਸਨਿਮਰ ਹੋ ਕੇ ਪੰਜਾਬੀ ਸਾਹਿਤ, ਪੰਜਾਬੀ ਕਲਾ-ਜਗਤ ਦੀਆਂ ਹਸਤੀਆਂ ਨੂੰ, ਸਨਮਾਨਯੋਗ ਹਸਤੀਆਂ ਨੂੰ, ਕਹਿਣੀ ਚਾਹੁੰਨਾਂ ਕਿ ਤੁਹਾਡੀ ਰਚਨਾ ਦੀ ਸੂਖ਼ਮਤਾ ਬਹੁਤ ਸਨਮਾਨਯੋਗ ਐ, ਬਹੁਤ ਕਦਰਯੋਗ ਐ, ***ਉਸ ਸੂਖ਼ਮਤਾ ਤੱਕ ਸਾਰੀ ਲੋਕਾਈ ਦਾ ਪਹੁੰਚਣਾ ਸਾਡਾ ਮਿਥਿਆ ਹੋਇਆ ਟੀਚਾ ਐ। ਪਰ ਅੱਜ ਇਸ ਜਨਤਾ ਦੇ ਸੂਖ਼ਮ ਅਹਿਸਾਸਾਂ ਨੂੰ, ਜ਼ੰਜੀਰਾਂ ਪਈਆਂ ਹੋਈਆਂ ਨੇ। ਅੱਜ ਸੂਖ਼ਮਤਾ ਦੇ ਰਸਤੇ ਬਹੁਤੇ ਸਾਰੇ ਪੱਥਰਾਂ ਨੇ ਮੱਲੇ ਹੋਏ ਨੇ।*** ਤੇ ਜਦੋਂ ਗੁਰਸ਼ਰਨ ਸਿੰਘ ਦੇ ਨਾਟਕਾਂ ਵਰਗੇ ਹਥੌੜਿਆਂ ਨਾਲ ਸੂਖ਼ਮਤਾ ਨੂੰ ਪਈਆਂ ਉਹ ਜ਼ੰਜੀਰਾਂ ਟੁੱਟ ਜਾਣਗੀਆਂ, ਜਦੋਂ ਨਵਾਂ ਸਮਾਜ ਸਿਰਜਿਆ ਜਾਊਗਾ, ਅਸੀਂ ਉਦੋਂ ਹੋਰ ਵਿਸ਼ਵਾਸ ਨਾਲ ਸੱਦਾ ਦਿਆਂਗੇ ਸੁਰਜੀਤ ਪਾਤਰ ਨੂੰ, ਅਸੀਂ ਉਦੋਂ ਸੱਦਾ ਦਿਆਂਗੇ ਡਾ. ਆਤਮਜੀਤ ਨੂੰ, ਅਸੀਂ ਉਦੋਂ ਸੱਦਾ ਦਿਆਂਗੇ ਅਜਮੇਰ ਔਲਖ ਨੂੰ, ਕਿ ਅੱਜ ਇਹ ਲੋਕ ਢਿੱਡ ਦੀਆਂ ਸਮੱਸਿਆਵਾਂ ਤੋਂ ਮੁਕਤ ਨੇ, ਕਿ ਅੱਜ ਇਹ ਲੋਕ ਜਬਰ ਦੀਆਂ ਸਮੱਸਿਆਵਾਂ ਤੋਂ ਮੁਕਤ ਨੇ, ਕਿ ਅੱਜ ਇਹ ਲੋਕ ਮਾਨਣ ਲਈ, ਚੰਗੀ ਤੋਂ ਚੰਗੀ ਕਲਾ ਮਾਨਣ ਲਈ ਆਜ਼ਾਦ ਨੇ। ਆਓ! ਇਹਨਾਂ ਵਿਚ ਆ ਕੇ ਆਪਣੇ ਕਲਾਮ ਕਹੋ, ਤੁਹਾਡੇ ਕਲਾਮ ਪੌਣਾਂ ਵਿਚ ਗੂੰਜਣਗੇ, ਲੋਕਾਂ ਦੇ ਦਿਲਾਂ ਦੀ ਧੜਕਣ ਬਣਨਗੇ। ਉਹ ਸਮਾਂ ਤਾਂ ਆਵੇ, ਜਦੋਂ ਪੰਜਾਬ ਦੇ, ਹਿੰਦੋਸਤਾਨ

ਦੇ ਕਿਰਤੀ ਕਾਮੇ ਲੋਕ ਇਹਨਾਂ ਸ਼ਾਇਰਾਂ ਦੀਆਂ ਕਵਿਤਾਵਾਂ 'ਤੇ ਝੂਮ ਸਕਣ। ***ਜਦੋਂ ਉਹ ਸੱਚੀ, ਸੂਖ਼ਮ ਅਤੇ ਵਿਕਸਤ ਕਲਾ ਦੇ ਉੱਤੇ ਨੱਚ ਸਕਣ। ਇਹ ਲੜਾਈ ਇਹੋ ਜਿਹਾ ਯੁੱਗ ਲਿਆਉਣ ਖ਼ਾਤਰ ਲੜੀ ਜਾ ਰਹੀ ਐ,*** ਇਹ ਲੜਾਈ ਸਿਰਫ ਰੋਟੀ ਦੀ ਲੜਾਈ ਨਹੀਂ ਐ। ਰੋਟੀ ਸਭ ਤੋਂ ਬੁਨਿਆਦੀ ਸਮੱਸਿਆ ਐ, ਕਰੀਏ ਕੀ? ਢਿੱਡ ਲੱਗਿਐ—ਢਿੱਡ ਰੋਟੀ ਮੰਗਦੈ। ਇਸ ਕਰਕੇ ਸਭ ਤੋਂ ਪਹਿਲਾਂ ਰੋਟੀ ਆਉਂਦੀ ਐ। ਸਾਨੂੰ ਸ਼ੌਕ ਨਹੀਂ ਐ ਰੋਟੀ ਦਾ, ਅਸੀਂ ਕਹਿੰਦੇ ਆਂ, ਕਲਾ ਦੀ ਗੱਲ ਚੱਲੇ, ਨਾਟਕਾਂ ਦੀ ਗੱਲ ਚੱਲੇ, ਮਨੁੱਖ ਦੀ ਰੂਹ ਖਿਲ ਕੇ ਬਹੁਤ ਬੁਲੰਦੀਆਂ 'ਤੇ ਪਹੁੰਚੇ। ਸਾਡਾ ਇਹ ਟੀਚਾ ਐ। ***ਕਮਿਊਨਿਸਟ ਸਿਰਫ ਖਾਣ-ਹੰਢਾਉਣ ਵਾਲੀਆਂ ਚੀਜ਼ਾਂ ਦੇਣ ਵਾਸਤੇ ਨਹੀਂ ਆਏ ਲੋਕਾਂ ਨੂੰ। ਮਨੁੱਖੀ ਰੂਹ ਨੂੰ ਅਮੀਰੀ 'ਤੇ ਲੈ ਕੇ ਜਾਣਾ ਇਹ ਕਮਿਊਨਿਸਟਾਂ ਦਾ ਉਦੇਸ਼ ਐ।*** ਔਰ ਉਸ ਉਦੇਸ਼ ਲਈ ਅੱਜ ਇਹ ਜਨਤਾ ਜੂਝ ਰਹੀ ਐ। ਅੱਜ ਦਾ ਯੁੱਗ ਜ਼ਰੂਰਤ ਦਾ ਯੁੱਗ ਐ। ਇਸ ਜ਼ਰੂਰਤ ਦੇ ਯੁੱਗ ਦੀਆਂ ਬੇੜੀਆਂ 'ਚੋਂ, ਨਵੀਂ ਜ਼ਿੰਦਗੀ ਸਿਰਜੀ ਜਾ ਰਹੀ ਐ। ***ਅਸੀਂ ਇਸ ਜ਼ਰੂਰਤ ਦੇ ਯੁੱਗ ਨੂੰ ਆਜ਼ਾਦੀ ਦੇ ਯੁੱਗ ਵਿਚ ਲੈ ਕੇ ਜਾਣਾ ਐ,*** ਉਦੋਂ ਐਥੇ ਆਹ ਖੁੱਲ੍ਹੇ ਪੰਡਾਲਾਂ ਦੇ ਵਿਚ ਗੁਰਸ਼ਰਨ ਸਿੰਘ ਨੂੰ ਸਨਮਾਨਤ ਨਹੀਂ ਕਰਾਂਗੇ, ਇਸ ਜਨਤਾ ਵਾਸਤੇ ਹਾਲ ਉਸਰੇ ਹੋਣਗੇ, ਇਸ ਜਨਤਾ ਵਾਸਤੇ ਵੱਡੀਆਂ ਬਿਲਡਿੰਗਾਂ ਉਸਰੀਆਂ ਹੋਣਗੀਆਂ। ***ਸੁਹਜ ਵਾਸਤੇ, ਲੋਕਾਂ ਦੀ ਸਭਿਆਚਾਰਕ ਤਰੱਕੀ ਵਾਸਤੇ, ਨਵੇਂ ਮੌਕੇ ਇਸ ਧਰਤੀ ਦੇ ਉੱਤੇ ਲਿਆਂਦੇ ਜਾਣਗੇ।*** ਔਰ ਉਸ ਯੁੱਗ ਲਈ ਚੱਲਦੀ ਲੜਾਈ ਵਿਚ ਹਿੱਸਾ ਪਾਉਣ ਲਈ ਜੇ ਅੱਜ ਕੋਈ ਨਾਟਕ, ਗੁਰਸ਼ਰਨ ਸਿੰਘ ਦੇ ਨਾਟਕਾਂ ਵਾਂਗ ਲੋਕਾਂ ਦੇ ਮਨਾਂ 'ਤੇ ਹਥੌੜਿਆਂ ਵਾਂਗ ਵੱਜਦੇ ਨੇ ਤਾਂ ਇਹ ਸੂਖ਼ਮਤਾ ਦੀ ਸੇਵਾ ਵਿਚ ਸਾਰਾ ਕੁਝ ਕੀਤਾ ਜਾ ਰਿਹੈ। ***ਇਹ ਸੂਖ਼ਮਤਾ ਦੀ ਖ਼ਾਤਰ ਲੜੀ ਜਾ ਰਹੀ ਲੜਾਈ ਐ।*** ਸੋ, ਅੱਜ ਇਸ ਮੌਕੇ ਦੇ ਉੱਤੇ ਜਦੋਂ ਇਹ ਸਾਰੇ ਲੋਕ ਇਥੇ ਆਏ ਨੇ, ਮੈਂ ਕੁਝ ਗੱਲਾਂ ਸਪੱਸ਼ਟ ਕਰਨੀਆਂ ਚਾਹੁੰਨਾਂ। ਸਾਹਿਤਕਾਰਾਂ ਦੇ ਬਾਰੇ ਵੀ, ਕਲਾਕਾਰਾਂ ਬਾਰੇ, ਔਰ ਕੁਝ ਲਹਿਰ ਦੀਆਂ ਸਮੱਸਿਆਵਾਂ ਦੇ ਬਾਰੇ।

ਇਹ ਗੱਲ ਕਿ ਅੱਜ ਦੀ ਇਹ ਇਕੱਤਰਤਾ ਇਹ ਹੱਦਬੰਦੀਆਂ ਤੋਂ ਉਪਰ ਐ। ਅਸੀਂ ਕੋਸ਼ਿਸ਼ ਕੀਤੀ, ਜਦੋਂ ਗੁਰਸ਼ਰਨ ਸਿੰਘ ਹੋਰਾਂ ਨੂੰ ਸਨਮਾਨਤ ਕੀਤਾ ਜਾਣੈ— ਹਰ ਜਾਗਦੀ ਜ਼ਮੀਰ, ਹਰ ਜਾਗਦੀ ਰੂਹ, ਇਸ ਪੰਡਾਲ ਦੇ ਵਿਚ ਹਾਜ਼ਰ ਹੋਵੇ, ਅਸੀਂ ਵਿਚਾਰਾਂ ਦੇ ਛੋਟੇ ਵਖਰੇਵਿਆਂ ਨੂੰ ਨਿੱਕੀਆਂ-ਨਿੱਕੀਆਂ ਸੌੜੀਆਂ ਗੱਲਾਂ ਨੂੰ, ਲਾਂਭੇ ਰੱਖਿਐ। ਔਰ ***ਅਸੀਂ ਇਹ ਦੱਸਣਾ ਚਾਹਿਐ ਕਿ ਪੰਜਾਬ ਦੇ ਲੋਕਾਂ ਦੀ ਲਹਿਰ ਨੂੰ ਨਾ ਸਿਰਫ ਗੁਰਸ਼ਰਨ ਸਿੰਘ ਦੀ ਕਦਰ ਐ, ਬਲਕਿ ਪੰਜਾਬ ਦੇ ਸਮੁੱਚੇ ਸਾਹਿਤ, ਸਮੁੱਚੇ ਕਲਾ-ਜਗਤ ਦੀ, ਲੋਕ-ਪੱਖੀ ਧਾਰਾ ਜੋ ਵਗ ਰਹੀ ਐ, ਉਹਦੇ ਸਭਨਾਂ ਸਾਹਿਤਕਾਰਾਂ ਦੀ ਕੀਮਤ, ਇਹ ਲੋਕ-ਲਹਿਰ ਉਹਨਾਂ ਦਾ ਮੁੱਲ ਪਾਉਂਦੀ ਐ। ਉਹਨਾਂ ਨੂੰ ਸਨਮਾਨਤ ਕਰਦੀ ਐ।*** ਨਾ ਹੀ ਇਸ ਗੱਲ ਦਾ ਇਹ ਮੰਤਵ ਐ ਕਿ ਸਾਹਿਤਕਾਰ ਆਪਣੀ ਸਿਰਜਣਾ, ਕਿਸੇ, ਜਿਹਨੂੰ ਕਹਿੰਦੇ ਨੇ ਕਿਸੇ ਸੂਈ ਦੇ ਖਾਸ ਨੱਕੇ ਰਾਹੀਂ, ਕੋਈ ਸਾਹਿਤਕਾਰ, ਕੋਈ ਕਲਾਕਾਰ ਆਪਣੀ ਸਿਰਜਣਾ ਨੂੰ ਲੰਘਾਉਣ ਦੀ ਕੋਸ਼ਿਸ਼ ਕਰੇ। ਲੋਕਾਂ ਦੀ ਲਹਿਰ ਨੂੰ ਐਨੀ ਕੁ ਅਕਲ ਹੈਗੀ ਐ। ਲੈਨਿਨ ਨੂੰ ਅਕਲ ਸੀ ਕਿ ਟਾਲਸਟਾਇ ਦਾ ਮੁੱਲ ਕੀ ਐ। ਲੋਕਾਂ ਦੀ ਲਹਿਰ ਸਿਰਜਣਾ ਨੂੰ ਬੇੜੀਆਂ ਨਹੀਂ ਪਾਉਣਾ ਚਾਹੁੰਦੀ, ਸਿਰਜਣਾ ਦੇ ਖੁੱਲ੍ਹ ਕੇ ਵਗਣ ਦੀ ਮੁਦੱਈ ਐ। ਪਰ ਉਸ ਸਿਰਜਣਾ ਨੂੰ ਇਉਂ

ਵਗਣਾ ਚਾਹੀਦੈ ਤਾਂ ਕਿ ਉਹ ਜਿਹੜੀ ਫੁੱਲਾਂ ਜੋਗੀ ਜ਼ਮੀਨ ਐ, ਸਾਰੀ ਧਰਤੀ 'ਤੇ ਉਸਦਾ ਪਸਾਰਾ ਹੋ ਸਕੇ। ਸਾਰੀ ਧਰਤੀ ਫੁੱਲਾਂ ਦੀ ਜ਼ਮੀਨ ਬਣ ਸਕੇ। ***ਸਿਰਜਣਾ ਨੂੰ ਜੋ ਬੇੜੀਆਂ ਪਈਆਂ ਨੇ ਤਾਂ ਰਾਜਸੱਤਾ ਨੇ ਪਾਈਆਂ ਨੇ, ਜੇ ਸਿਰਜਣਾ ਨੂੰ ਬੇੜੀਆਂ ਪਈਆਂ ਨੇ ਤਾਂ ਉਹਨਾਂ ਜਮਾਤਾਂ ਨੇ ਪਾਈਆਂ ਨੇ ਜਿਹੜੀਆਂ ਸਿਰਜਣ-ਸ਼ਕਤੀ ਦੀ, ਸਿੱਕਿਆਂ ਦੇ ਮਗਰ ਮਿਰਗ ਦੌੜ ਕਰਾਉਂਦੀਆਂ ਨੇ। ਜਿਹੜੀਆਂ ਕਲਾਕਾਰਾਂ ਦੀਆਂ, ਸਾਹਿਤਕਾਰਾਂ ਦੀਆਂ ਕਲਮਾਂ ਨੂੰ, ਜ਼ੰਜੀਰਾਂ ਪਹਿਨਾਉਂਦੀਆਂ ਨੇ। ਤੇ ਉਹ ਤਾਕਤਾਂ ਸਿਰਜਣਾ ਦੀਆਂ ਦੁਸ਼ਮਣ ਨੇ,*** ਜਿਨ੍ਹਾਂ ਦਾ ਸਾਹਮਣਾ ਕਰਦੇ ਹੋਏ, ਪੰਜਾਬੀ ਕਵੀ ਸੁਰਜੀਤ ਪਾਤਰ ਨੇ ਕਿਹਾ ਸੀ:

*ਉਂਝ ਤਾਂ ਉਸ ਸ਼ਾਇਰ ਨੂੰ ਆਪਣੇ ਖਿਆਲ ਪਿਆਰੇ ਨੇ*
*ਪਰ ਆਪਣੇ ਖਿਆਲਾਂ ਤੋਂ ਵਧ ਕੇ ਆਪਣੇ ਲਾਲ ਪਿਆਰੇ ਨੇ*
*ਅੱਧੀ ਰਾਤੀਂ ਫੁੱਟਦੀਆਂ ਨਜ਼ਮਾਂ ਦਫ਼ਨ ਕਲੇਜੇ ਕਰਦਾ ਹੈ*
*ਇਕ ਸ਼ਾਇਰ ਮੌਤੋਂ ਡਰਦਾ ਹੈ, ਇਕ ਸ਼ਾਇਰ ਮੌਤੋਂ ਡਰਦਾ ਹੈ*

ਇਹ ਲੜਾਈ ਸਾਹਿਤਕਾਰਾਂ ਨੂੰ ਮੌਤ ਦੇ ਡਰ ਤੋਂ ਮੁਕਤ ਕਰਨ ਦੀ ਲੜਾਈ ਐ। ਸਿਰਜਣਾ ਨੂੰ ਪਈਆਂ ਬੇੜੀਆਂ ਨੂੰ ਤੋੜ ਦੇਣ ਦੀ ਲੜਾਈ ਐ। ਤੇ ਅੱਜ ਅਸੀਂ ਕਹਿੰਦੇ ਆਂ ਕਿ ਬਹੁਤ ਹੀ ਮਹੱਤਵਪੂਰਨ ਦਿਨ ਐ। ਜਿਸਨੂੰ ਸੰਤੋਖ ਸਿੰਘ ਧੀਰ ਹੋਰਾਂ ਨੇ ਇਤਿਹਾਸਕ ਦਿਨ ਕਿਹੈ, ਪੰਜਾਬੀ ਲੋਕਾਂ ਦਾ ਸਾਹਿਤ, ਲੋਕਾਂ ਦੀ ਕਲਾ ਤੇ ਲੋਕਾਂ ਦੀ ਲਹਿਰ ਨੂੰ, ਇਸ ਸੁੱਚੇ ਰਿਸ਼ਤੇ ਨੂੰ, ਅਸੀਂ ਹੋਰ ਗੂੜ੍ਹਾ ਕਰਨਾ ਚਾਹੁੰਨੇ ਆਂ, ਤਾਂ ਕਿ ਇਕ ਨਵਾਂ ਸਮਾਜ ਸਿਰਜਿਆ ਜਾ ਸਕੇ। ਤਰੱਕੀ ਦਾ ਯੁੱਗ, ਉਹ ਯੁੱਗ ਲਿਆਂਦਾ ਜਾ ਸਕੇ ਤਾਂ ਕਿ ਸਾਡੀ ਕਲਾ ਵੀ ਆਜ਼ਾਦ ਹੋਵੇ। ਇਥੇ ਬੰਦਾ ਵੀ ਆਜ਼ਾਦ ਹੋਵੇ, ਸਾਡੀ ਕਿਰਤ ਵੀ ਆਜ਼ਾਦ ਹੋਵੇ। ***ਆਜ਼ਾਦੀ ਦੀ ਉਸ ਲੜਾਈ ਵਿਚ ਰਲ ਕੇ ਅੱਗੇ ਕਦਮ ਵਧਾਉਣ ਦਾ ਅਹਿਦ ਕਰਨ ਲਈ, ਅੱਜ ਇਸ ਧਰਤੀ ਦੇ ਉੱਤੇ ਅਸੀਂ ਆਏ ਆਂ।*** ਗੁਰਸ਼ਰਨ ਸਿੰਘ ਹੋਰੀਂ ਇਸ ਲੜਾਈ ਦੇ ਜਰਨੈਲ ਨੇ। ***ਉਹ ਪੰਜਾਬੀ ਸਾਹਿਤ (ਪੰਡਾਲ ਵਿਚੋਂ ਨਾਹਰੇ ਗੂੰਜਦੇ ਹਨ, ਗੁਰਸ਼ਰਨ ਸਿੰਘ ਜ਼ਿੰਦਾਬਾਦ!) ਅਤੇ ਪੰਜਾਬੀ ਕਲਾ ਦੇ ਲੋਕਾਂ ਦੀ ਲਹਿਰ ਨਾਲ ਰਿਸ਼ਤੇ ਦਾ, ਉਹ ਬਹੁਤ ਮਜ਼ਬੂਤ ਥੰਮ੍ਹ ਨੇ। ਇਸ ਥੰਮ੍ਹ ਨੂੰ ਬਹੁਤ ਸਤਿਕਾਰਿਆ ਜਾਂਦੈ।*** ਤੇ ਅਸੀਂ ਚਾਹੁੰਦੇ ਹਾਂ ਕਿ ਪੰਜਾਬ ਦੀ ਲੋਕ-ਲਹਿਰ ਦਾ ਤੇ ਪੰਜਾਬ ਦੇ ਸਾਹਿਤ ਦਾ, ਕਲਾ ਦੀ ਲਹਿਰ ਦਾ ਇਹ ਥੰਮ੍ਹ ਵਿਰਾਸਤ ਬਣੇ। ਉੱਚਾ ਹੋਵੇ। ਅੱਜ ਜਦੋਂ ਗੁਰਸ਼ਰਨ ਸਿੰਘ ਹੋਰੀਂ ਮੰਚ 'ਤੇ ਚੜ੍ਹ ਰਹੇ ਸੀ- ਉਨ੍ਹਾਂ ਨੂੰ ਸਹਾਰਾ ਦੇ ਕੇ...ਇਸ ਮੰਚ 'ਤੇ ਲਿਆਂਦਾ ਗਿਐ। ਇਹ ਦ੍ਰਿਸ਼ ਪਿਛਲੇ ਅਰਸੇ ਤੋਂ ਅਸੀਂ, ਜਦੋਂ ਇਹ ਨਾਟਕਾਂ 'ਚ ਆਉਂਦੇ ਨੇ ਸਟੇਜਾਂ ਦੇ ਉੱਤੇ, ਦੇਖਦੇ ਆਂ, ਇਕ ਫ਼ਿਕਰਮੰਦੀ ਜਾਗਦੀ ਐ, ਕਿੰਨਾ ਚਿਰ ਗੁਰਸ਼ਰਨ ਸਿੰਘ ਸਾਡੇ ਦਰਮਿਆਨ ਹੋਣਗੇ, ਪਰ ਦੂਸਰੇ ਪਾਸੇ ਜੋ ਗੁਰਸ਼ਰਨ ਸਿੰਘ ਹੋਰਾਂ ਦਾ ਜਜ਼ਬਾ ਐ, ਭਖਦਾ ਇਨਕਲਾਬੀ ਜਜ਼ਬਾ, ਜਦੋਂ ਉਹਦੇ 'ਤੇ ਝਾਤ ਮਾਰਦੈ ਹਾਂ ਤਾਂ ਉਹ ਇਹ ਕਹਿੰਦਾ ਨਜ਼ਰ ਆਉਂਦੈ ਕਿ—

*ਖਿੜਦੇ ਫੁੱਲਾਂ ਦੀ ਰੁੱਤ ਵਰਗਾ*
*ਸੱਜਰੇ ਸੂਰਜ ਦੀ ਧੁੱਪ ਵਰਗਾ*

*ਇਹਦਾ ਕਣ ਕਣ ਕਰਨੀ ਵਿਚ ਭਿੱਜਿਆ*
*ਸਾਡਾ ਹਰ ਪਲ ਜੋਬਨ ਰੁੱਤ ਵਰਗਾ*
*ਸਤਰੰਗੀਆਂ ਪੀਂਘਾਂ ਵਿਚ ਜਗਦੇ*
*ਸੁਪਨੇ ਦੇ ਉਜਲੇ ਮੁੱਖ ਵਰਗਾ*
*ਅਸੀਂ ਢਲਦੇ ਤਨ ਦੇ ਫ਼ਿਕਰਾਂ ਨੂੰ*
*ਸੀਨੇ ਚਿਪਕਾ ਕੇ ਕੀ ਲੈਣਾ?*
*ਅਸੀਂ ਢਲਦੇ ਤਨ ਦੇ ਫ਼ਿਕਰਾਂ ਨੂੰ*
*ਸੀਨੇ ਚਿਪਕਾ ਕੇ ਕੀ ਲੈਣਾ?*

ਤੇ ਇਸ ਤੋਂ ਪਿੱਛੋਂ ਅਸੀਂ ਇਹ ਦੇਖਦੇ ਆਂ ਕਿ ਗੁਰਸ਼ਰਨ ਸਿੰਘ ਹੋਰਾਂ ਨੇ ਅਮਰ ਕਲਾ ਦੀ ਸਿਰਜਣਾ ਕੀਤੀ ਐ। ਉਹ ਆਪਣੀ ਇਸ ਕਲਾ ਦੀ ਇਸ ਸਿਰਜਣਾ ਰਾਹੀਂ ਉਹ ਯੁੱਗਾਂ-ਯੁੱਗਾਂ ਤਕ ਪੰਜਾਬ ਦੇ, ਇਸ ਦੇਸ਼ ਦੇ ਲੋਕਾਂ ਦੇ ਮਨਾਂ ਵਿਚ ਵੱਸ ਜਾਣਗੇ। ਉਹਨਾਂ ਨੇ ਜੋ ਸਿਰਜਿਆ ਐ, ਜੋ ਮੰਚ 'ਤੇ ਸਿਰਜਿਐ, ***ਉਹਨਾਂ ਦੀ ਸਿਰਜਣਾ ਮੰਚ 'ਤੇ ਸਮਾਪਤ ਨਹੀਂ ਹੁੰਦੀ। ਲੋਕਾਂ ਦੇ ਮਨਾਂ ਵਿਚ ਜਾਂਦੀ ਐ। ਜ਼ਿੰਦਗੀ ਦੇ ਸਿਰਜਣਹਾਰਿਆਂ ਦੀ ਤਾਕਤ ਨੂੰ ਛੂਣ ਕੇ ਜਗਾਉਂਦੀ ਐ। ਔਰ ਉਹ ਕਲਾ ਮੰਚ ਤੋਂ ਬਾਹਰ ਵੀ ਆਪਣਾ ਕਾਰਜ ਜਾਰੀ ਰੱਖਦੀ ਐ। ਵੱਡੀ ਸਿਰਜਣਾ ਦੇ ਵਿਚ ਕਲਾ ਨੂੰ ਹਿੱਸੇਦਾਰ ਬਣਾਉਣਾ ਇਹ ਮਿਸਾਲ ਐ, ਗੁਰਸ਼ਰਨ ਸਿੰਘ ਹੋਰਾਂ ਦੀ। ਔਰ ਇਸ ਸਿਰਜਣਾ ਨੇ ਸਦਾ ਅਮਰ ਰਹਿਣੈਂ:***

*ਜਿਉਂਦੇ ਰੰਗ ਦੀਆਂ ਤਰੰਗਾਂ ਨੇ*
*ਕੱਲ੍ਹ ਦਾ ਲਿਸ਼ਕਾਰਾ ਹੋ ਜਾਣਾ*

ਗੁਰਸ਼ਰਨ ਸਿੰਘ ਹੋਰੀਂ ਕਿੰਨੀ ਦੇਰ ਹੋਣਗੇ, ਉਹ ਯੁੱਗ-ਯੁੱਗ ਜੀਣ, ਅਸੀਂ ਕਹਿ ਨਹੀਂ ਸਕਦੇ ਪਰ ਇਕ ਗੱਲ ਜ਼ਰੂਰ ਕਹਿ ਸਕਦੇ ਆਂ, ਸਾਰੇ ਸਾਹਿਤਕਾਰ, ਕਲਾਕਾਰ ਲੋਕ, ਉਨ੍ਹਾਂ ਨਾਲ ਕਹਿ ਸਕਦੇ ਨੇ:

*ਜਿਉਂਦੇ ਰੰਗ ਦੀਆਂ ਤਰੰਗਾਂ ਨੇ*
*ਕੱਲ੍ਹ ਦਾ ਲਿਸ਼ਕਾਰਾ ਹੋ ਜਾਣਾ*
*ਸਾਡੇ ਕਰਮਾਂ ਦੀਆਂ ਪੈੜਾਂ ਨੇ*
*ਜੀਵਨ ਦੀ ਧਾਰਾ ਹੋ ਜਾਣਾ*
*ਕਿਰਤਾਂ ਦੇ ਕੂਚ ਨਗਾਰੇ ਦਾ*
*ਜੇਤੂ ਧਮਕਾਰਾ ਹੋ ਜਾਣਾ*
*ਸੂਹਾਂ ਵਿਚ ਰਚ ਕੇ ਜ਼ਿੰਦਗੀ ਦੇ*
*ਅਸੀਂ ਸਦਾ ਸਦਾ ਲਈ ਜੀ ਰਹਿਣਾ।*
*ਸਾਹਾਂ ਵਿਚ ਰਚ ਕੇ ਜ਼ਿੰਦਗੀ ਦੇ*
*ਅਸੀਂ ਸਦਾ ਸਦਾ ਲਈ ਜੀ ਰਹਿਣਾ।*